


# ਓਨਟਾਰਿਓ ਚਿਲਡ੍ਰਨਜ਼ ਐਕਟੀਵਿਟੀ ਟੈਕਸ ਕ੍ਰੈਡਿਟ

ਹਾਕੀ ਤੋਂ ਲੈਕੇ ਭਾਸ਼ਾ ਦੀਆਂ ਜਮਾਤਾਂ ਤਕ ਦੇ ਲਈ ਟੈਕਸ ਕ੍ਰੈਡਿਟ ਪ੍ਰਾਪਤ ਕਰੋ, ਤੁਹਾਡਾ ਬਚਾਅ ਭਾਵੇਂ ਜਿਸ ਵਿੱਚ ਹੋਵੇ।

ontario.ca/kidscredit

## ਬੱਚਿਆਂ ਦੀਆਂ ਦੁਨੀਆ ਭਰ ਦੀਆਂ ਗਤੀਵਿਧੀਆਂ ਹੁੰਦੀਆਂ ਹਨ!

ਓਨਟਾਰਿਓ ਦਾ ਨਵਾਂ ਚਿਲਡ੍ਰਨਜ਼ ਐਕਟੀਵਿਟੀ ਟੈਕਸ ਕ੍ਰੈਡਿਟ ਤੁਹਾਡੇ ਲਈ ਸੌਖਾ ਬਣਾਉਂਦਾ ਹੈ ਤਾਂ ਕਿ ਤੁਸੀਂ ਆਪਣਿਆਂ ਬੱਚਿਆਂ ਨੂੰ ਖੇਡਣ-ਕੁੱਦਣ, ਕਲਾ ਅਤੇ ਹੋਰ ਗਤੀਵਿਧੀਆਂ ਵਿੱਚ ਸ਼ਾਮਲ ਕਰ ਸਕੋ ਅਤੇ ਉਹਨਾਂ ਨੂੰ ਕਿਰਿਆਸ਼ੀਲ ਦਿਮਾਗ ਅਤੇ ਸਰੀਰ ਵਿਕਸਤ ਕਰਨ ਵਿੱਚ ਮੱਦਦ ਕਰ ਸਕੋ।

- ਮਾਂ-ਬਾਪ ਅਤੇ ਸਰਪ੍ਰਸਤ, 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ, $50 ਤਕ ਦੀ ਵਾਪਸੀ ਲਈ 500 ਡਾਲਰ ਤਕ ਦੇ ਯੋਗ ਖਰਚਿਆਂ ਦੀ ਮੰਗ ਕਰ ਸਕਦੇ ਹਨ, ਜਾਂ 100 ਡਾਲਰ ਤਕ ਦੀ ਵਾਪਸੀ 18 ਸਾਲ ਤੋਂ ਘੱਟ ਉਮਰ ਦੇ ਅਸਮਰੱਥ ਬੱਚਿਆਂ ਲਈ।
- ਇਹ ਕ੍ਰੈਡਿਟ ਵਿਆਪਕ ਗਤੀਵਿਧੀਆਂ ਦੇ ਲਈ ਲਾਗੂ ਹੁੰਦਾ ਹੈ।

ਇਹ ਪੂਰਨ ਤੌਰ ਤੇ ਰਿਫ਼ੰਡੇਬਲ ਹੈ, ਤਾਂ ਕਿ ਜੇ ਆਮਦਨ ਘੱਟ ਹੈ ਅਤੇ ਇਨਕਮ ਟੈਕਸ ਨਹੀਂ ਦਿੰਦੇ ਹਨ ਤਾਂ ਵੀ ਲਾਭ ਲੈ ਸਕਦੇ ਹਨ।

## ਇਨਕਮ ਟੈਕਸ ਸਮੇਂ ਦੇ ਲਈ ਆਪਣੀਆਂ ਰਸੀਦਾਂ ਬਚਾਕੇ ਰੱਖੋ।

2010 ਤੋਂ ਸ਼ੁਰੂ ਕਰਕੇ ਤੁਸੀਂ ਆਪਣੇ ਸਲਾਨਾ ਇਨਕਮ ਟੈਕਸ ਰਿਟਰਨ ਤੇ ਇਸ ਟੈਕਸ ਕ੍ਰੈਡਿਟ ਦਾ ਦਾਅਵਾ ਕਰ ਸਕਦੇ ਹੋ। ਜਨਵਰੀ 1, 2010 ਤੋਂ ਜਾਂ ਉਸ ਤੋਂ ਬਾਅਦ ਸ਼ੁਰੂ ਹੋ ਕੇ ਯੋਗ ਖਰਚ ਸਵੀਕਾਰ-ਯੋਗ ਹੋਣਗੇ। ਆਪਣੀਆਂ ਸਾਰੀਆਂ ਰਸੀਦਾਂ ਬਚਾਕੇ ਰੱਖਣ ਦਾ ਧਿਆਨ ਰੱਖੋ।

- ਇਹ ਟੈਕਸ ਕ੍ਰੈਡਿਟ 50 ਡਾਲਰ ਤਕ ਪ੍ਰਤੀ ਬੱਚੇ ਦੇ ਲਈ ਦੇਵੇਗਾ ਜਾਂ 100 ਡਾਲਰ ਤਕ ਜੇ ਬੱਚੇ ਵਿੱਚ ਅਸਮਰੱਥਤੱ ਹੈ।
- 1.1 ਮਿਲੀਅਨ ਓਨਟਾਰਿਓ ਪਰਿਵਾਰਾਂ ਵਿੱਚ 1.8 ਮਿਲੀਅਨ ਤੋਂ ਜ਼ਿਆਦਾ ਬੱਚੇ ਫ਼ਾਇਦਾ ਲੈਣਗੇ।

## ਤੁਹਾਡਾ ਬੱਚਾ ਕੀ ਕਰਨਾ ਚਾਹੁੰਦਾ ਹੈ?

ਇਸ ਟੈਕਸ ਕ੍ਰੈਡਿਟ ਵਿੱਚ ਵਿਆਪਕ ਗਤੀਵਿਧੀਆਂ ਸ਼ਾਮਲ ਹਨ ਜੋ ਕਿ ਦੋ ਵਰਗਾਂ ਵਿੱਚ ਵੰਡੀਆਂ ਜਾਂਦੀਆਂ ਹਨ ਤੰਦਰੁਸਤੀ ਅਤੇ ਬਿਨ-ਤੰਦਰੁਸਤੀ। ਯੋਗਤਾ ਦੇ ਲਈ ਗਤੀਵਿਧੀਆਂ ਪੜ੍ਹਾਈ ਦੇ ਇਲਾਵਾ ਕੀ ਹੋਣੀਆਂ ਚਾਹੀਦੀਆਂ ਹਨ, ਉਹਨਾਂ ਤੇ ਨਿਰੀਖਣ ਕਰਨਾ ਜ਼ਰੂਰੀ ਹੈ, ਅਤੇ ਬੱਚਿਆਂ ਲਈ ਉਪਯੁਕਤ ਹੋਣੀ ਚਾਹੀਦੀਆ ਹਨ।

- ਕੁਝ ਯੋਗ ਗਤੀਵਿਧੀਆਂ ਵਿੱਚ ਸ਼ਾਮਲ ਹਨ ਸੌਕਰ, ਨਾਚ, ਸਕਾਊਟਸ, ਗਰਲ ਗਾਈਡ, ਹਾਕੀ, ਨਾਟਕ ਅਤੇ ਕਰਾਟੇ। ਜ਼ਿਆਦਾ ਲੰਬੀ ਲਿਸਟ ਔਨ-ਲਾਈਨ ਉਪਲੱਬਧ ਹੈ
- ਸਰੀਰਕ ਗਤੀਵਿਧੀਆਂ ਜੋ ਫ਼ੈਡਰਲ ਚਿਲਡ੍ਰਨਜ਼ ਫ਼ਿਟਨੈਸ ਟੈਕਸ ਕ੍ਰੈਡਿਟ ਦੇ ਯੋਗ ਹਨ, ਉਹ ਆਪਣੇ ਆਪ ਓਨਟਾਰਿਓ ਚਿਲਡ੍ਰਨਜ਼ ਐਕਟੀਵਿਟੀ ਟੈਕਸ ਕ੍ਰੈਡਿਟ ਦੇ ਲਈ ਯੋਗ ਹੋਣਗੀਆਂ।

ਵਧੇਰੀ ਜਾਣਕਾਰੀ ਲਈ
**ontario.ca/kidscredit**

ਦੇਖੋ ਜਾਂ
**1 866 668-8297**

ਜਾਂ ਟੀ.ਟੀ.ਵਾਈ.
**1 800 263-7776** ਤੇ ਫ਼ੋਨ ਕਰੋ।

ISBN 978-1-4435-5424-4